18513
4/6/21

**ਦਫਤਰ ਸਪੈਸ਼ਲ ਡਾਇਰੈਕਟਰ ਜਨਰਲ, ਸਟੇਟ ਆਰਮਡ ਪੁਲਿਸ, ਪੰਜਾਬ ਜਲੰਧਰ ।**

ਨੰਬਰ 9129 /ਸੀਬੀ-ਐਸਏ-1, ਮਿਤੀ 4-6-21

ਵਿਸ਼ਾ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੇ ਕ੍ਰਮਚਾਰੀਆਂ ਦੀ ਸਾਂਝੀ ਸੀਨੀਆਰਤਾ ਫਾਈਨਲ ਹੋਣ ਉਪਰੰਤ ਤਨਖਾਹ ਫਿਕਸ ਕਰਨ ਸਬੰਧੀ।

ਯਾਦ ਪੱਤਰ

ਹਵਾਲਾ ਆਪ ਦੇ ਦਫਤਰ ਦੇ ਪਿੱਠ ਅੰਕਣ ਨੰਬਰ 16063-64/ਸੀ.ਆਰ.ਸੀ, ਮਿਤੀ 18.05.2021 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਪੱਤਰ ਨੰਬਰ 20103/ਸੀਬੀ-ਐਸਏ-1, ਮਿਤੀ 24.09.2018 ਰਾਹੀਂ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਨੂੰ ਬੇਨਤੀ ਕੀਤੀ ਗਈ ਸੀ ਕਿ ਆਰਮਡ ਪੁਲਿਸ ਕੇਡਰ ਦੇ ਜਿਨ੍ਹਾਂ 1825 ਕ੍ਰਮਚਾਰੀਆਂ ਦੀਆਂ ਏ.ਐਸ.ਆਈ ਰੈਂਕ ਵਿੱਚ, 1143 ਦੀਆਂ ਐਸ.ਆਈ ਰੈਂਕ ਵਿੱਚ ਅਤੇ 264 ਦੀਆਂ ਇੰਸਪੈਕਟਰ ਰੈਂਕ ਵਿੱਚ ਨਵੀਆਂ ਬਣਾਈਆਂ ਗਈਆਂ ਸੀਨੀਆਰਤਾ ਸੂਚੀਆਂ ਮੁਤਾਬਿਕ ਤਰੱਕੀ ਮਿਤੀਆਂ ਪਿੱਛੇ ਕੀਤੀਆਂ ਗਈਆਂ ਹਨ, ਦੀ ਤਨਖਾਹ /ਪੈਨਸ਼ਨ ਪੰਜਾਬ ਸਰਕਾਰ ਪਾਸੋਂ ਪ੍ਰੋਟੈਕਟ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ । ਉਕਤ ਕ੍ਰਮਚਾਰੀਆਂ ਦੀਆਂ ਨਾਮਵਾਈਜ਼ ਲਿਸਟਾਂ ਨਾਲ ਨੱਥੀ ਹਨ। ਉਸ ਤੋਂ ਇਲਾਵਾ ਇਸ ਦਫਤਰ ਦੇ ਪੱਤਰ ਨੰਬਰ 20102/ਸੀਬੀ-ਐਸਏ-1, ਮਿਤੀ 24.09.2018 ਰਾਹੀਂ ਜਿਹੜੇ 179 ਕ੍ਰਮਚਾਰੀ ਰਿਵਰਸ਼ਨ ਜ਼ੋਨ ਵਿੱਚ ਆਉਂਦੇ ਸਨ, ਲਈ ਐਕਸ ਕੇਡਰ ਪੋਸਟਾਂ ਅਤੇ 19 ਖਿਡਾਰੀ ਕ੍ਰਮਚਾਰੀਆਂ ਲਈ ਡਾਇੰਗ ਕੇਡਰ ਪੋਸਟਾਂ ਦੀ ਰਚਨਾਂ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਉਕਤ ਕ੍ਰਮਚਾਰੀਆਂ ਵਿੱਚੋਂ ਇਸ ਸਮੇਂ 32 ਅਤੇ 13 ਖਿਡਾਰੀ ਕ੍ਰਮਚਾਰੀ ਹਾਜਰ ਹਨ, ਜਿਨ੍ਹਾਂ ਲਈ ਐਕਸ ਕੇਡਰ ਅਤੇ ਡਾਇੰਗ ਕੇਡਰ ਦੀਆਂ ਪੋਸਟਾਂ ਦੀ ਰਚਨਾਂ ਕਰਵਾਉਣ ਸਬੰਧੀ ਕੇਸ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਅਤੇ ਪੰਜਾਬ ਸਰਕਾਰ ਦੇ ਦਫਤਰ ਵਿਖੇ ਵਿਚਾਰ ਅਧੀਨ ਹੈ ਅਤੇ ਬਾਕੀ ਦੇ ਕ੍ਰਮਚਾਰੀ ਰਿਟਾਇਰਡ ਜਾਂ ਸਵਰਗਵਾਸ ਜਾਂ ਆਪਣੀ ਵਾਰੀ ਸਿਰ ਤਰੱਕੀਯਾਬ ਹੋ ਚੁੱਕੇ ਹਨ। ਉਕਤ 45 (32+13) ਕ੍ਰਮਚਾਰੀਆਂ ਦੀਆਂ ਨਾਮਵਾਇਜ਼ ਸੂਚੀਆਂ ਨਾਲ ਨੱਥੀ ਹਨ। ਉਕਤ ਤੋਂ ਇਲਾਵਾ ਕਿਸੇ ਹੋਰ ਕ੍ਰਮਚਾਰੀ ਦੀ ਤਨਖਾਹ /ਪੈਨਸ਼ਨ ਪ੍ਰੋਟੈਕਟ ਕਰਨ ਸਬੰਧੀ ਇਸ ਦਫਤਰ ਵੱਲੋਂ ਮਾਨਯੋਗ ਡੀ.ਜੀ.ਪੀ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਨੂੰ ਨਹੀ ਭੇਜਿਆ ਗਿਆ ਹੈ । ਇਸ ਲਈ ਇਸ ਸਬੰਧੀ ਲੋੜੀਦੀ ਕਾਰਵਾਈ ਆਪਣੇ ਪੱਧਰ ਤੇ ਅਮਲ ਵਿੱਚ ਲਿਆਂਦੀ ਜਾਵੇ ਅਤੇ ਸਬੰਧਤ ਬਨਜ:/ਯੂਨਿਟਾਂ ਨੂੰ ਵੀ ਇਸ ਸਬੰਧੀ ਜਾਣੂ ਕਰਵਾਇਆ ਜਾਵੇ ਤਾਂ ਜੋ ਕਿਸ ਕ੍ਰਮਚਾਰੀ ਦੀ ਤਨਖਾਹ/ ਪੈਨਸ਼ਨ ਫਿਕਸ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਨੱਥੀ :- ਉਕਤ ਅਨੁਸਾਰ।

ਵਾਸਤੇ ਸਪੈਸ਼ਲ ਡਾਇਰੈਕਟਰ ਜਨਰਲ,
ਸਟੇਟ ਆਰਮਡ ਪੁਲਿਸ, ਪੰਜਾਬ ਜਲੰਧਰ।

ਉਤਾਰਾ :-

1. ਸੁਪਰਡੈਂਟ ਐਡਮਨ/ਸੀ.ਆਰ.ਸੀ (ਦਫਤਰ ਵਿੱਚ)

**ਈ-ਮੇਲ**

ਦਫਤਰ ਸਪੈਸ਼ਲ ਡਾਇਰੈਕਟਰ ਜਨਰਲ, ਸਟੇਟ ਆਰਮਡ ਪੁਲਿਸ, ਜਲੰਧਰ।

---

ਨੰਬਰ 18415-42/ਸੀ.ਆਰ.ਸੀ, ਮਿਤੀ 07-06-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦੇ ਈ-ਮੇਲ ਨੰਬਰ 14324-53/ਸੀ.ਆਰ.ਸੀ, ਮਿਤੀ 18-04-2019 ਅਤੇ ਨੰਬਰ 7249-80/ਸੀ.ਆਰ.ਸੀ, ਮਿਤੀ 02-03-2021 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਮੁਤਾਬਿਕ ਨਾਮਵਾਇਜ਼ ਸੂਚੀਆਂ www.armedpolice.punjab.gov.in ਤੇ ਅੱਪਲੋਡ ਕਰ ਦਿੱਤੀਆਂ ਗਈਆਂ ਹਨ, ਇਹਨਾਂ ਦੀ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਵਾਉਣ ਲਈ ਕੇਸ ਪੰਜਾਬ ਸਰਕਾਰ ਪਾਸ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ ਬਾਕੀ ਹੋਰ ਕਰਮਚਾਰੀਆਂ ਦੀ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਨ ਸਬੰਧੀ ਕਾਰਵਾਈ ਆਪਣੇ ਪੱਧਰ ਤੇ ਅਮਲ ਵਿੱਚ ਲਿਆਦੀ ਜਾਵੇ ਜੀ:-

1. ਵਧੀਕ ਡਾਇਰੈਕਟਰ ਜਨਰਲ ਪੁਲਿਸ, ਐਸ.ਓ.ਜੀ ਅਤੇ ਕਮਾਂਡੋ, ਬਹਾਦਰਗੜ੍ਹ, ਪੰਜਾਬ, ਪਟਿਆਲਾ।
2. ਇੰਸਪੈਕਟਰ ਜਨਰਲ ਪੁਲਿਸ, ਇੰਡੀਆ ਰਿਜਰਵ ਬਨਜ਼, ਪੰਜਾਬ, ਪਟਿਆਲਾ।
3. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ-2 ਅਤੇ ਸਿਖਲਾਈ, ਪੰਜਾਬ, ਚੰਡੀਗੜ੍ਹ।
4. ਸਮੂਹ ਕਮਾਂਡੈਂਟਸ, ਪੀ.ਏ.ਪੀ ਅਤੇ ਆਈ.ਆਰ.ਬਨਜ਼ ਸਮੇਤ ਟ੍ਰੇਨਿੰਗ ਸੈਂਟਰ (ਲੋਕਲ ਦਸਤੀ)
5. ਡੀ.ਐਸ.ਪੀ, ਕੰਟਰੋਲ ਰੂਮ, ਪੀ.ਏ.ਪੀ, ਜਲੰਧਰ।
6. ਸੈਕਸ਼ਨ ਅਫਸਰ, ਆਡਿਟ, ਪੀ.ਏ.ਪੀ, ਜਲੰਧਰ।
7. ਡੀ.ਏ., ਲੀਗਲ ।
8. ਸੁਪਰਡੈਂਟ, ਲੇਖਾ ਸ਼ਾਖਾ ।(ਦਫਤਰ ਵਿੱਚ)
9. ਇੰਚਾਰਜ, ਖੁਫੀਆ ਸ਼ਾਖਾ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰਬਰ 9129/ਸੀ.ਬੀ-ਐਸ.ਏ-1, ਮਿਤੀ 04-06-2021 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਨਾਮਵਾਈਜ਼ ਲਿਸਟਾਂ ਇੰਚਾਰਜ, ਵੈਬਸਾਇਟ (ਦਫਤਰ ਵਿੱਚ) ਨੂੰ ਵੈਬਸਾਇਟ ਤੇ ਅੱਪਲੋਡ ਕਰਨ ਲਈ ਮੁਹੱਈਆਂ ਕਰਵਾਈਆਂ ਜਾਣ।
10. ਇੰਚਾਰਜ, ਵੈਬਸਾਇਟ, ਪੀ.ਏ.ਪੀ,ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਮੁਤਾਬਿਕ ਨਾਮਵਾਈਜ਼ ਲਿਸਟਾਂ ਇੰਚਾਰਜ, ਖੁਫੀਆ ਸ਼ਾਖਾ ਪਾਸੋ ਪ੍ਰਾਪਤ ਉਕਤ ਵੈਬਸਾਇਟ ਤੇ ਅੱਪਲੋਡ ਕੀਤੀਆਂ ਜਾਣ।

(ਸੁਪਰਡੈਂਟ ਪ੍ਰਸ਼ਾਸ਼ਨ)
ਵਾਸਤੇ ਸਪੈਸ਼ਲ ਡਾਇਰੈਕਟਰ ਜਨਰਲ,
ਸਟੇਟ ਆਰਮਡ ਪੁਲਿਸ, ਜਲੰਧਰ।